www.xtrapapers.com

A-level

# PANJABI

Unit 2 Reading and Writing

# Insert

Section 3 Writing Questions 3, 4, 5 and 6

www.xtrapapers.com



## Section 3

ਇਸ ਭਾਗ ਵਿੱਚ ਦੋ ਟੌਪਿਕ ਸਾਹਿਤਕ ਅਤੇ ਦੋ ਅਣ-ਸਾਹਿਤਕ ਹਨ। ਹਰੇਕ ਟੌਪਿਕ ਬਾਰੇ ਦੋ ਦੋ ਬਦਲਵੇਂ ਪ੍ਰਸ਼ਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ। ਤੁਸੀਂ ਦੋਵੇਂ ਪ੍ਰਸ਼ਨ ਇੱਕ ਟੌਪਿਕ ਵਿੱਚੋਂ ਨਹੀਂ ਚੁਣ ਸਕਦੇ।

### Literary Topics

### Topic 1

### ਬਰਤਾਨਵੀ ਪੰਜਾਬੀ ਨਿੱਕੀ ਕਹਾਣੀ
### (The British – Panjabi Short Story)

**Question 3**

**Either**

**3 (a)** ਉਹ ਕਿਹੜੀਆਂ ਗੱਲਾਂ ਹਨ ਜੋ ਇੱਕ ਕਹਾਣੀ ਨੂੰ ਨੀਰਸ ਬਣਾ ਦਿੰਦੀਆਂ ਹਨ ? ਜਿਹੜੀ ਕਹਾਣੀਆਂ ਦੀ ਕਿਤਾਬ ਤੁਸੀਂ ਪੜ੍ਹੀ ਹੈ ਉਸ ਵਿੱਚਲੀਆਂ ਕਿਸੇ ਦੋ ਕਹਾਣੀਆਂ ਵਿੱਚ ਇਹ ਨੀਰਸਪਨ ਕਿੱਥੋਂ ਤੱਕ ਪਾਇਆ ਜਾਂਦਾ ਹੈ ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ।

**[30 marks]**

**or**

**3 (b)** ਬਰਤਾਨਵੀ ਪੰਜਾਬੀ ਨਿੱਕੀਆਂ ਕਹਾਣੀਆਂ ਦੇ ਵਿਸ਼ੇ ਜ਼ਿਆਦਾ ਬਜ਼ੁਰਗਾਂ ਦੀਆਂ ਮੁਸ਼ਕਲਾਂ ਤੱਕ ਹੀ ਸੀਮਤ ਹਨ। ਜਿਹੜਾ ਵੀ ਕਹਾਣੀ ਸੰਗ੍ਰਹਿ ਤੁਸੀਂ ਪੜ੍ਹਿਆ ਹੈ ਉਸ ਵਿੱਚੋਂ ਪੜ੍ਹੀਆਂ ਦੋ ਕਹਾਣੀਆਂ ਤੇ ਇਹ ਕਿੱਥੋਂ ਤੱਕ ਲਾਗੂ ਹੁੰਦਾ ਹੈ ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ।

**[30 marks]**

www.xtrapapers.com



## Topic 2

## ਪੰਜਾਬੀ ਨਾਵਲ
## (The Panjabi Novel)

**Question 4**

**Either**

**4 (a)** ਕਿਸੇ ਨਾਵਲ ਨੂੰ ਸਫਲ ਬਣਾਉਣ ਵਿੱਚ ਨਾਵਲਕਾਰ ਦੁਆਰਾ ਵਰਤੀ ਗਈ ਬੋਲੀ, ਸ਼ੈਲੀ ਤੇ ਲਹਿਜੇ ਦਾ ਕਿੰਨਾ ਕੁ ਹੱਥ ਹੁੰਦਾ ਹੈ ? ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਦੇ ਆਧਾਰ ਤੇ ਉਦਾਹਰਣਾਂ ਦਿੰਦੇ ਹੋਏ ਇੱਕ ਲੇਖ ਲਿਖੋ।

**[30 marks]**

**or**

**4 (b)** ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਕਿਹੜਾ ਐਸਾ ਪਾਤਰ ਹੈ ਜਿਸ ਤੋਂ ਬਿਨਾਂ ਨਾਵਲ ਅਧੂਰਾ ਹੋਵੇਗਾ ਅਤੇ ਕਿਉਂ ? ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਦੇ ਆਧਾਰ ਤੇ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ ।

**[30 marks]**

## Non-Literary Topics

## Topic 3

## 1947 ਤੋਂ ਬਾਅਦ ਦੇ ਪੰਜਾਬ ਦਾ ਸਮਾਜਿਕ ਤੇ ਆਰਥਿਕ ਅਧਿਐਨ
## (Socio-Economic Study of the Panjab (India) Since 1947)

**Question 5**

**Either**

**5 (a)** ਪਿਛਲੇ ਚਾਲੀ ਸਾਲਾਂ ਵਿੱਚ ਬਹੁਤ ਸਾਰੇ ਕਾਮੇ ਬੰਗਾਲ ਤੇ ਬਿਹਾਰ ਦੇ ਇਲਾਕਿਆਂ ਵਿੱਚੋਂ ਆ ਕੇ ਪੰਜਾਬ ਵਿੱਚ ਵੱਖ ਵੱਖ ਕਾਰੋਬਾਰਾਂ ਵਿੱਚ ਕੰਮ ਕਰ ਰਹੇ ਹਨ। ਇਹਨਾਂ ਕਾਮਿਆਂ ਦੇ ਆਉਣ ਨਾਲ ਪੰਜਾਬ ਦੀ ਸਮਾਜਿਕ ਤੇ ਆਰਥਿਕ ਸਥਿਤੀ ਵਿੱਚ ਕੀ ਤਬਦੀਲੀਆਂ ਆਈਆਂ ਹਨ ? ਇੱਕ ਜਾਣਕਾਰੀ ਭਰਪੂਰ ਲੇਖ ਲਿਖੋ।

**[30 marks]**

**or**

**5 (b)** 'ਪੰਜਾਬ ਵਿੱਚ ਮੀਡੀਆ ਦਿਨੋ-ਦਿਨ ਜ਼ੋਰ ਪਕੜਦਾ ਜਾ ਰਿਹਾ ਹੈ'। ਮੀਡੀਆ ਦੇ ਪ੍ਰਭਾਵਸ਼ਾਲੀ ਹੋਣ ਦੇ ਪੰਜਾਬ ਦੇ ਲੋਕਾਂ ਤੇ ਕੀ ਚੰਗੇ ਤੇ ਕੀ ਮਾੜੇ ਅਸਰ ਹੋ ਰਹੇ ਹਨ ? ਇੱਕ ਜਾਣਕਾਰੀ ਭਰਪੂਰ ਲੇਖ ਲਿਖੋ।

**[30 marks]**

Turn over ▶

www.xtrapapers.com



## Topic 4

## ਭਾਰਤ ਅਤੇ ਪ੍ਰਦੇਸ ਵਿੱਚ ਪੰਜਾਬੀ ਭਾਈਚਾਰਾ
## (The Panjabi Community in India and Abroad)

**Question 6**

**Either**

**6 (a)** 'ਭਾਵੇਂ ਪੰਜਾਬੀ ਆਪਣੀ ਮਾਂ ਬੋਲੀ ਨਾਲ ਬਹੁਤ ਪਿਆਰ ਕਰਦੇ ਹਨ ਪਰ ਫਿਰ ਵੀ ਬਰਤਾਨੀਆ ਵਿੱਚ ਪੰਜਾਬੀ ਦੀ ਵਰਤੋਂ ਦਿਨ ਪਰ ਦਿਨ ਘਟਦੀ ਜਾ ਰਹੀ ਹੈ ?' ਤੁਹਾਡੇ ਖਿਆਲ ਵਿੱਚ ਇਸ ਦੇ ਕੀ ਕਾਰਨ ਹਨ ? ਬਰਤਾਨੀਆ ਵਿੱਚ ਰਹਿ ਰਹੀਆਂ ਅਗਲੀਆਂ ਪੀੜ੍ਹੀਆਂ ਤੇ ਇਸ ਦਾ ਕੀ ਅਸਰ ਹੋ ਸਕਦਾ ਹੈ ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ ।

**[30 marks]**

**or**

**6 (b)** ਟੈਲੀਵਿਜ਼ਨ ਚੈਨਲਾਂ ਤੇ ਆਉਣ ਵਾਲੇ ਪੰਜਾਬੀ ਪ੍ਰੋਗਰਾਮਾਂ ਦਾ ਬਰਤਾਨੀਆ ਵਿੱਚ ਰਹਿ ਰਹੇ ਪੰਜਾਬੀਆਂ ਨੂੰ ਆਪਣੇ ਧਰਮ ਤੇ ਸਭਿਆਚਾਰ ਨਾਲ ਜੋੜੇ ਰੱਖਣ ਵਿੱਚ ਕਿੱਥੋਂ ਤੱਕ ਹੱਥ ਹੈ ? ਉਦਾਹਰਣਾਂ ਦਿੰਦੇ ਹੋਏ ਇੱਕ ਜਾਣਕਾਰੀ ਭਰਪੂਰ ਲੇਖ ਲਿਖੋ ।

**[30 marks]**

**END OF QUESTIONS**

**Copyright information**

For confidentiality purposes, from the November 2015 examination series, acknowledgements of third party copyright material will be published in a separate booklet rather than including them on the examination paper or support materials. This booklet is published after each examination series and is available for free download from www.aqa.org.uk after the live examination series.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team, AQA, Stag Hill House, Guildford, GU2 7XJ.

Copyright © 2016 AQA and its licensors. All rights reserved.